# ਭਗਤ ਬਾਣੀ ਵਿਚ ਪੇਸ਼ ਅਧਿਆਤਮਿਕਤਾ ਤੇ ਧਾਰਮਿਕ ਪ੍ਰਤਿਰੋਧ

**Dr. Preet Inder Singh***

Assistant Professor, Post Graduate Government College, Sector 46, Chandigarh

***Abstract** – ਭਗਤ ਬਾਣੀ ਅਧਿਆਤਮਕ ਤੇ ਧਾਰਮਿਕ ਦਰਸ਼ਨ ਦੀ ਪਰੰਪਰਾ ਨੂੰ ਪ੍ਰਤਿਰੋਧਕ ਸੁਰ ਰਾਹੀਂ ਵਿਕਸਿਤ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦਾ ਮੂਲ ਸਵਰ ਜਿਥੇ ਸਮਾਜਿਕ ਵਿਕਾਰਾਂ 'ਤੇ ਚੋਟ ਕਰਨਾ ਹੈ, ਉਥੇ ਅਧਿਆਤਮਕਤਾ ਅਤੇ ਧਾਰਮਿਕਤਾ ਦੇ ਆਦਰਸ਼ੀਕਰਣ ਨੂੰ ਨਵਾਂ ਰੂਪ ਦੇਣਾ ਵੀ ਹੈ। ਭਗਤੀ ਲਹਿਰ ਦੀ ਉਤਪਤੀ ਸਮੇਂ ਆਮ ਭਾਰਤੀ ਲੋਕ ਫੋਕਟ ਕਰਮ-ਕਾਡਾਂ ਵਿਚ ਫਸੇ ਅਧਿਆਤਮਕਤਾ ਤੇ ਨੈਤਿਕਤਾ ਤੋਂ ਸੱਖਣੇ ਸਨ। ਮੱਧਕਾਲੀਨ ਭਾਰਤੀ ਧਰਮਾਂ ਵਿੱਚ ਅੰਧ-ਵਿਸ਼ਵਾਸਾਂ, ਕਰਮ-ਕਾਂਡਾਂ, ਅਡੰਬਰਾਂ ਨੂੰ ਜਨ-ਸਾਧਾਰਣ 'ਤੇ ਜ਼ਬਰਦਸਤੀ ਥੋਪਣਾ ਅਤੇ ਦੂਜੇ ਪਾਸੇ ਇਸਲਾਮ ਦਾ ਭਾਰਤੀ ਲੋਕਾਂ 'ਤੇ ਗਲਬਾ ਪੈਣਾ, ਅਜਿਹੇ ਮਾਰੂ ਪ੍ਰਭਾਵ ਹਨ, ਜਿਨ੍ਹਾਂ ਵਿਚ ਭਗਤੀ ਲਹਿਰ ਦਾ ਉਦੈ ਹੁੰਦਾ ਹੈ। ਭਗਤ ਕਵੀਆਂ ਨੇ ਵਿਰਾਸਤ ਵਿਚ ਪ੍ਰਾਪਤ ਉਨ੍ਹਾਂ ਦਾਰਸ਼ਨਿਕਾਂ ਮੁੱਲਾਂ ਨੂੰ ਸਥਾਈ ਰੂਪ ਵਿਚ ਪੁਨਰ-ਪਰਿਭਾਸ਼ਿਤ ਤੇ ਪੁਨਰ-ਸਥਾਪਿਤ ਕੀਤਾ, ਜਿਨ੍ਹਾਂ ਦਾ ਨਿਰੂਪਣ ਬੁੱਧ ਨੇ ਸੈਂਕੜੇ ਸਾਲ ਪਹਿਲਾਂ ਕੀਤਾ ਸੀ ਅਤੇ ਵੇਦਾਂ ਨੂੰ ਗਿਆਨ ਦਾ ਕੇਂਦਰ ਨਾ ਮੰਨ ਕੇ ਆਪਣੇ ਅੰਦਰ ਗਿਆਨ ਨੂੰ ਪ੍ਰਾਪਤ ਕਰ ਲੈਣ ਨੂੰ ਮਾਨਤਾ ਦਿੱਤੀ। ਭਗਤੀ ਲਹਿਰ ਬੜੀ ਮਹੱਤਵਪੂਰਨ ਅਤੇ ਯੁੱਗ ਪ੍ਰਵਰਤਕ ਲਹਿਰ ਮੰਨੀ ਜਾਂਦੀ ਹੈ ਕਿਉਂਕਿ ਇਹ ਲਹਿਰ ਭਾਰਤ ਵਿਚ ਚੱਲੀਆਂ ਵੱਖ-ਵੱਖ ਲਹਿਰਾਂ ਵਿਚੋਂ ਇਕ ਹੈ। ਅਸਲ ਵਿਚ ਭਗਤੀ ਲਹਿਰ ਦਾ ਭਾਰਤੀ ਅਧਿਆਤਮਕ ਜਗਤ ਵਿਚ ਇਕ ਵਿਲੱਖਣ ਤੇ ਗੌਰਵਸ਼ਾਲੀ ਯੋਗਦਾਨ ਹੈ। "ਭਗਤਾਂ ਨੂੰ ਵਿਸ਼ੇਸ਼ ਤੌਰ 'ਤੇ ਪੰਜਾਬ ਵਿਚ ਸੰਤ ਵੀ ਕਿਹਾ ਜਾਂਦਾ ਹੈ। ਸੰਤ ਲੋਕ ਧਰਮਾਤਮਾ ਪੁਰਸ਼ ਸਨ, ਜਿਨ੍ਹਾਂ ਨੂੰ ਆਤਮਿਕ ਰੂਪ ਵਿਚ ਪ੍ਰਮਾਤਮਾ ਨਾਲ ਇੱਕ-ਮਿੱਕ ਸਮਝਿਆ ਜਾਂਦਾ ਸੀ। ਉਨ੍ਹਾਂ ਨੇ ਆਪਣਾ ਜੀਵਨ ਮਨੁੱਖਤਾ ਦੇ ਆਤਮਿਕ ਕਲਿਆਣ ਹਿੱਤ ਅਰਪਣ ਕੀਤਾ ਹੋਇਆ ਸੀ ਅਤੇ ਲੋਕਾਂ ਦੀਆਂ ਧਰਮ-ਭਾਵਨਾਵਾਂ ਨੂੰ ਪ੍ਰੇਰਿਤ ਤੇ ਉਤੇਜਿਤ ਕਰਦੇ ਸਨ। ਉਹ ਵਿਸ਼ੇਸ਼ ਤੌਰ *ਤੇ ਦਲਿਤ ਤੇ ਨਿਤਾਣੇ ਲੋਕਾਂ ਨੂੰ ਉਪਰ ਉਠਾਣ ਹਿੱਤ ਕਰਮ ਕਰਦੇ ਸਨ, ਜਾਤ-ਪਾਤ ਤੇ ਉਚ-ਨੀਚ ਦੇ ਵਿਰੋਧੀ ਸਨ ਅਤੇ ਆਚਰਨ ਦੀ ਸੁਚੱਮਤਾ, ਨਾ ਕਿ ਵਿਖਾਲੇ ਦੇ ਕਰਮ-ਕਾਂਡ ਉੱਤੇ ਜ਼ੋਰ ਦਿੰਦੇ ਸਨ। ਉਨ੍ਹਾਂ ਨੇ ਭਰੋਸੇ ਤੇ ਪ੍ਰੇਮ ਦਾ ਸਬਕ ਦਿੱਤਾ ਅਤੇ ਸ਼ੰਕਾਵਾਦ ਤੇ ਹਉਮੈ ਦੀ ਨਿਖੇਧੀ ਕੀਤੀ। ਸਭ ਤੋਂ ਉਤਮ ਪ੍ਰੇਮ ਕੁਦਰਤ ਅਤੇ ਜੀਵਨ ਵਿਚ ਵਿਆਪਕ ਪ੍ਰਭੂ ਦਾ ਪ੍ਰੇਮ ਸੀ।"[1] ਭਗਤ ਕਵੀਆਂ ਨੇ ਆਪਣੇ ਜੀਵਨ ਵਿਚ ਸਮਾਜ ਵਿਚ ਪ੍ਰਚੱਲਿਤ ਮਨੁੱਖਤਾ ਮਾਰੂ ਕਦਰਾਂ ਕੀਮਤਾਂ ਦੇ ਖਿਲਾਫ਼, ਭਾਰਤੀ ਜਨਤਾ ਨੂੰ ਪ੍ਰਭੂ ਭਗਤੀ ਦਾ ਸਰਲ ਰਸਤਾ ਦਿਖਾਇਆ।*

---------------------------------x---------------------------------

ਭਗਤੀ ਲਹਿਰ ਦਾ ਮੂਲ ਚਰਿਤਰ ਸਮਾਜਿਕ, ਅਧਿਆਤਮਿਕ, ਸਭਿਆਚਾਰਕ ਹੋਣ ਦੇ ਨਾਲ-ਨਾਲ ਧਾਰਮਿਕ ਵੀ ਸੀ ਅਤੇ ਇਸ ਦੇ ਸਰੋਕਾਰ ਵੀ ਧਾਰਮਿਕ ਸਨ। ਮੱਧਯੁਗੀ ਭਗਤਾਂ ਦੀ ਭੂਮਿਕਾ ਨੂੰ ਕ੍ਰਾਂਤੀਕਾਰੀ ਰੂਪ ਵਿਚ ਹੀ ਮੰਨਿਆ ਜਾਂਦਾ ਹੈ। ਇਹ ਵੇਦ ਅਤੇ ਵਰਣ ਆਸ਼ਰਮ ਦਾ ਵਿਰੋਧ ਕਰਦੇ ਸਨ। "ਮੱਧਕਾਲੀਨ ਭਾਰਤ ਦੇ ਭਗਤੀ-ਮਾਰਗ ਦੇ ਨਿਮਨ-ਜਾਤੀ ਸੰਤ-ਕਵੀਆਂ ਦਾ ਵਿਦਰੋਹ ਭਗਤੀ ਅੰਦੋਲਨ ਦੇ ਰੂਪ 'ਚ ਆਪਣੀ ਹੋਂਦ ਸਥਾਪਿਤ ਕਰ ਚੁੱਕਾ ਹੈ। ਉਸ ਸਮੇਂ ਦਲਿਤ ਜਾਤੀਆਂ ਦੇ ਲੋਕਾਂ ਨੂੰ ਧਨ, ਸਨਮਾਨ ਅਤੇ ਸਮਾਨਤਾ ਪ੍ਰਾਪਤੀ ਦੀ ਮਨਾਹੀ ਸੀ। ਇਨ੍ਹਾਂ ਬੰਦਸ਼ਾਂ ਦਾ ਵਿਸਤਾਰ ਅਧਿਆਤਮਕ ਖੇਤਰ ਤੱਕ ਫੈਲਿਆ ਹੋਇਆ ਸੀ। ਭਾਵ, ਨਿਮਨ ਜਾਤੀਆਂ ਲਈ ਈਸ਼ਵਰ ਪ੍ਰਾਪਤੀ ਦੀ ਵੀ ਮਨਾਹੀ ਸੀ। ਈਸ਼ਵਰ, ਭਗਤੀ ਅਤੇ ਮੰਦਰ, ਸਭ ਉੱਚੀਆਂ ਜਾਤੀਆਂ ਦੀ ਇਜ਼ਾਰੇਦਾਰੀ ਸੀ। ਨਿਮਨ-ਜਾਤੀਆਂ ਦੇ ਸੰਤਾਂ ਨੇ ਇਸ ਇਜ਼ਾਰੇਦਾਰੀ ਵਿਰੁੱਧ ਬਗਾਵਤ ਕੀਤੀ ਅਤੇ ਪਰਮਾਤਮਾ ਦੀ ਭਗਤੀ ਦਾ ਅਧਿਕਾਰ ਆਪਣੇ ਸੰਘਰਸ਼, ਸੁਹਿਰਦਤਾ ਅਤੇ ਸਮਰਪਣ ਰਾਹੀਂ ਪ੍ਰਾਪਤ ਕੀਤਾ। ਭਗਤ ਕਵੀਆਂ ਦੀ ਅਧਿਆਤਮਕ ਪੱਖ ਤੋਂ ਪ੍ਰਾਪਤੀ ਮਹੱਤਵਪੂਰਨ ਹੈ। ਉਨ੍ਹਾਂ ਨੇ ਰੱਬ ਦੀ ਪ੍ਰਾਪਤੀ ਕਰਕੇ ਦਵਿੱਜ ਨਾਮਕ ਜਾਤੀਆਂ ਦੀ ਬ੍ਰਹਮ-ਪ੍ਰਾਪਤੀ ਤੇ ਗਿਆਨ-ਪ੍ਰਾਪਤੀ ਦੀ ਇਜ਼ਾਰੇਦਾਰੀ ਨੂੰ ਖ਼ਤਮ ਕਰ ਦਿੱਤਾ। ਜਿਸ ਦੀ ਸਾਧਨਾ ਕਰਕੇ ਪ੍ਰਾਪਤੀ ਕਰਨੀ ਬ੍ਰਾਹਮਣੀ ਧਾਰਾ ਵਿਚ ਅਖੌਤੀ ਨੀਵੀਆਂ ਜਾਤੀਆਂ ਵਾਸਤੇ ਮਨਾਹੀ ਸੀ। ਭਗਤ ਰਵਿਦਾਸ ਨੇ ਕਿਹਾ ਕਿ ਜਿਹੜਾ ਮਨੁੱਖ ਪਰਮਾਤਮਾ ਦਾ ਨਾਮ ਜਪੇਗਾ ਉਸ ਦਾ ਜਨਮ ਤੇ ਜਾਤ ਕੋਈ ਨਹੀਂ ਹੋਵੇਗੀ ਤੇ ਉਹ ਮੁਕਤੀ ਪ੍ਰਾਪਤ ਕਰੇਗਾ:

**ਜੈਸੇ ਕੁਰੰਕ ਨਹੀ ਪਾਇਓ ਭੇਦੁ ॥ ਤਨਿ ਸੁਗੰਧ ਢੂਢੈ ਪ੍ਰਦੇਸੁ ॥**

**ਅਪ ਤਨ ਕਾ ਜੋ ਕਰੇ ਬੀਚਾਰੁ ॥ ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥**

**ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥ ਠਾਕੁਰੁ ਲੇਖਾ ਮਗਨਹਾਰੁ ॥**

www.ignited.in

**ਫੇੜੇ ਕਾ ਦੁਖੁ ਸਹੈ ਜੀਉ ॥ ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥**

**ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥**

**ਕਹਿ ਰਵਿਦਾਸ ਜੁੋ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥2**

ਮੱਧ ਕਾਲ ਵਿਚ ਧਾਰਮਿਕ ਜੀਵਨ ਵਿਚ ਪਵਿੱਤਰਤਾ, ਸਚਿਆਰਤਾ ਤੇ ਦਿਆਲਤਾ ਦੀ ਬਜਾਇ ਬੇਇਨਸਾਫ਼ੀ, ਝੂਠ, ਧੋਖਾ-ਫ਼ਰੇਬ ਤੇ ਅਤਿਆਚਾਰ ਨੇ ਮੱਲ ਲਈ ਸੀ। ਸਾਰੇ ਧਾਰਮਿਕ ਕਰਮ-ਕਾਂਡਾਂ ਵਿਚ ਬ੍ਰਾਹਮਣਵਾਦੀ ਵਰਗ ਦੀ ਪ੍ਰਧਾਨਤਾ ਸੀ। ਇਸਲਾਮ ਧਰਮ ਨੂੰ ਤਲਵਾਰ ਦੀ ਧਾਰ *ਤੇ ਫੈਲਾਇਆ ਜਾ ਰਿਹਾ ਸੀ। ਇਸ ਵੇਲੇ ਦੇ ਧਰਮਾਂ ਵਿਚ 'ਮਨੁੱਖੀ ਧਰਮ' ਬਣਨ ਦੀ ਕਾਬਲੀਅਤ ਹੀ ਨਹੀਂ ਸੀ। ਹਿੰਦੂ ਧਰਮ ਨੂੰ ਪੁਜਾਰੀ ਵਰਗ ਨੇ ਕਮਾਈ ਦਾ ਸਾਧਨ ਬਣਾ ਲਿਆ ਸੀ। ਸ਼ੂਦਰਾਂ ਵਾਸਤੇ ਧਾਰਮਿਕ ਕੰਮਾਂ ਦੀ ਮਨਾਹੀ ਸੀ। ਮੰਦਰ ਜਾਣਾ, ਤੀਰਥ ਇਸ਼ਨਾਨ, ਵੇਦਾਂ ਦਾ ਜਾਪ, ਪਾਠ ਪੂਜਾ ਆਦਿ ਕਰਨ *ਤੇ ਸਖ਼ਤ ਪਾਬੰਦੀ ਸੀ ਅਤੇ ਉਲੰਘਣਾ ਕਰਨ ਦੀ ਸੂਰਤ ਵਿਚ ਸਖ਼ਤ ਸਜ਼ਾਵਾਂ ਦੀ ਵਿਵਸਥਾ ਕੀਤੀ ਗਈ ਸੀ। ਅਜਿਹੀਆਂ ਧਾਰਮਿਕ ਪ੍ਰਸਥਿਤੀਆਂ ਵਿਚ ਅਛੂਤ ਕਹੀਆਂ ਜਾਣ ਵਾਲੀਆਂ ਜਾਤੀਆਂ ਵਿਚ ਜਨਮ ਲੈ ਕੇ ਭਗਤਾਂ ਨੇ ਭਗਤੀ ਤੇ ਆਤਮਿਕ ਬਲ ਨਾਲ ਮਹਾਨਤਾ ਦੀ ਸਿਖਰਤਾ ਪ੍ਰਾਪਤ ਕੀਤੀ। ਭਗਤ ਕਵੀਆਂ ਨੇ ਬ੍ਰਾਹਮਣਾਵਾਦੀ ਲੋਕਾਂ ਦੁਆਰਾ ਪ੍ਰਚੱਲਿਤ ਕੀਤੀਆਂ ਗ਼ਲਤ ਧਾਰਮਿਕ ਕੁਰੀਤੀਆਂ, ਪਾਖੰਡਾਂ, ਅਡੰਬਰਾਂ ਆਦਿ ਦਾ ਆਪਣੀ ਬਾਣੀ ਵਿਚ ਵਿਰੋਧ ਕੀਤਾ:

**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥**

**ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ ॥**

**ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ ॥੧੦੫॥**

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ ॥**

**ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ ॥੧੦੬॥**

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥**

**ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥੧੦੭॥**

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥**

**ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥੧੦੮॥3**

ਭਗਤਾਂ ਨੇ ਅਧਿਆਤਮਕ ਤੱਤ ਨੂੰ ਆਮ ਬੋਲੀ ਰਾਹੀਂ ਲੋਕਾਂ ਦੀ ਭਾਸ਼ਾ ਵਿੱਚ ਸਪਸ਼ਟ ਕੀਤਾ। ਉਨ੍ਹਾਂ ਨੇ ਪ੍ਰੋੜਤਾ ਕੀਤੀ ਨਾਮ ਸਿਮਰਨ ਵਾਲੇ ਮਨੁੱਖ ਸਦਾ ਖੇੜੇ ਵਿਚ ਰਹਿੰਦੇ ਹਨ। ਭਗਤ ਬਾਣੀ ਵਿਚ ਅਧਿਆਤਮ ਪ੍ਰਗਤੀ ਨੂੰ ਰਹੱਸਮਈ ਅਨੰਦ ਦੀ ਪ੍ਰਾਪਤੀ ਲਈ ਦਾਰਸ਼ਨਿਕ ਮਾਰਗ ਦੱਸਿਆ ਹੈ। ਮੱਧਕਾਲੀਨ ਭਾਰਤ ਵਿੱਚ ਧਾਰਮਿਕ ਖੇਤਰ ਵਿਚ ਅੰਧ-ਵਿਸ਼ਵਾਸ ਦੀ ਪ੍ਰਧਾਨਤਾ ਸੀ। ਅਗਰ ਕੋਈ ਬ੍ਰਾਹਮਣ ਕਿਸੇ ਨੀਵੀ ਜਾਤ ਦੇ ਮਨੁੱਖ ਨੂੰ ਕੋਈ ਧਰਮ ਭੇਦ ਸਿਖਾਏਗਾ ਤਾਂ ਉਹ ਵੀ ਉਸ ਦੇ ਨਾਲ ਨਰਕ ਵਿਚ ਸੁੱਟਿਆ ਜਾਏਗਾ ਕਿਉਂਕਿ ਸ਼ੂਦਰ ਪਤਿਤ ਹੈ। ਸ਼ੂਦਰ ਨੂੰ ਛੱਡ ਕੇ ਬਾਕੀ ਤਿੰਨ ਵਰਣਾਂ ਨੂੰ ਜਨੇਊ ਪਾਉਣ, ਵੇਦ-ਪਾਠ ਅਤੇ ਯੱਗ ਕਰਨ ਦਾ ਅਧਿਕਾਰ ਦਿੱਤਾ ਗਿਆ। ਭਗਤ ਬਾਣੀ ਵਿਚ ਮਨੁੱਖੀ ਜ਼ਿੰਦਗੀ ਦੇ ਅਧਿਆਤਮਕ ਤੇ ਪਦਾਰਥਕ ਪਹਿਲੂਆਂ ਦਾ ਸੰਤੁਲਨ ਮਿਲਦਾ ਹੈ। ਉਨ੍ਹਾਂ ਨੇ ਅਧਿਆਤਮਕ ਤੇ ਦੁਨਿਆਵੀ ਜੀਵਨ ਦੀ ਅਟੁਟਤਾ ਤੇ ਜ਼ੋਰ ਦਿੱਤਾ ਕਿ ਅਮਲੀ ਜੀਵਨ ਨੂੰ ਅਧਿਆਤਮਕ ਕੀਮਤਾਂ ਦੇ ਮੁਤਾਬਕ ਜਿਉਣਾ ਚਾਹੀਦਾ ਹੈ। ਜਦੋਂ ਕਿ ਧਾਰਮਿਕ ਕਰਮ-ਕਾਂਡ ਤੇ ਅਡੰਬਰ ਮਨੁੱਖ ਨੂੰ ਅਧਿਆਤਮਕ ਤੇ ਧਾਰਮਿਕ ਜੀਵਨ ਤੋਂ ਵਾਂਝਾ ਰੱਖਦੇ ਸਨ।

ਭਗਤ ਕਵੀਆਂ ਨੇ ਆਪਣੇ ਸਮਕਾਲੀਨ ਪ੍ਰਚੱਲਿਤ ਧਾਰਮਿਕ ਵਿਸ਼ਵਾਸਾਂ ਦਾ ਖੰਡਨ ਕੀਤਾ ਕਿ ਪ੍ਰਭੂ ਧਾਰਮਿਕ ਸਥਾਨਾਂ, ਮੰਦਰਾਂ ਤੇ ਮਸੀਤਾਂ ਵਿਚ ਨਹੀਂ ਵਸਦਾ ਸਗੋਂ ਉਨ੍ਹਾਂ ਨੇ ਇਸ ਗੱਲ ਤੇ ਲੋਕਾਂ ਦਾ ਧਿਆਨ ਕੇਂਦਰਿਤ ਕੀਤਾ ਕਿ ਪਰਮਾਤਮਾ ਤਾਂ ਹਰੇਕ ਮਨੁੱਖ ਦੇ ਮਨ ਅੰਦਰ ਵਸਦਾ ਹੈ:

**ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥**

**ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੧॥**

**ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥**

**ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ ਰਹਾਉ ॥**

**ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ ॥**

**ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ॥੨॥**

**ਅਸਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ ॥**

**ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੩॥**

**ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨਿ ਲੀਜੈ ॥**

www.ignited.in

**ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥੪॥੪॥4**

ਬ੍ਰਹਮਣਵਾਦੀ ਲੋਕ ਕਿਸੇ ਵੀ ਵਿਦੇਸ਼ੀ ਨੂੰ ਆਪਣੇ ਧਾਰਮਕ ਭਾਈਚਾਰੇ ਵਿਚ ਰਲਣ ਨਹੀਂ ਦੇਂਦੇ ਸਨ ਅਤੇ ਨਾ ਹੀ ਕਿਸੇ ਅਜਿਹੇ ਬੰਦੇ ਨੂੰ ਵਾਪਸ ਆਪਣੇ ਧਰਮ ਵਿਚ ਲੈਂਦੇ ਸਨ, ਜਿਸ ਨੇ ਇਕ ਵਾਰ ਇਸਲਾਮ ਕਬੂਲ ਕਰ ਲਿਆ ਹੋਵੇ। ਭਾਵੇਂ ਇਥੋਂ ਤੱਕ ਕਿ ਉਸ ਨੂੰ ਜ਼ਬਰਦਸਤੀ ਇਸਲਾਮ ਕਿਉਂ ਨਾ ਕਬੂਲ ਕਰਵਾਇਆ ਗਿਆ ਹੋਵੇ। ਏਸੇ ਤਰ੍ਹਾਂ ਜੋ ਮੁਸਲਮਾਨ ਇਕ ਵੇਰ ਇਸਲਾਮ ਤਿਆਗ ਦੇਵੇ, ਇਸਲਾਮ ਵਿਚ ਉਸ ਲਈ ਮੌਤ ਦੀ ਸਜ਼ਾ ਸੀ। ਇਸ ਲਈ ਹਿੰਦੂਆਂ ਵਿਚ ਮੁਸਲਮਾਨਾਂ ਦੇ ਸਮੋਏ ਜਾਣ ਦਾ ਸਵਾਲ ਹੀ ਨਾ ਰਿਹਾ। ਭਾਰਤੀ ਇਤਿਹਾਸ ਵਿਚ ਅਜਿਹੇ ਦੇ ਵਿਰੋਧੀ ਧੜੇ ਕਾਇਮ ਹੋਏ ਦਿਖਾਈ ਦਿੰਦੇ ਹਨ, ਜਿਨ੍ਹਾਂ ਦੀ ਬੁਨਿਆਦ ਵੱਖੋ-ਵੱਖਰੇ ਧਰਮ ਸਨ ਅਤੇ ਇਕ ਧਿਰ ਦਾ ਦੂਜੀ ਵਿਚ ਇਕੱਠੇ ਹੋਣ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ। ਹਿੰਦੂ ਅਤੇ ਮੁਸਲਮਾਨਾਂ ਵਿਚਕਾਰ ਦੁਫਾੜ ਦਾ ਬਹੁਤ ਵੱਡਾ ਦੁਖਾਂਤ ਇਹ ਹੋਇਆ ਕਿ ਦੋਹਾਂ ਧਰਮਾਂ ਦੀਆਂ ਹਾਕਮ ਜਮਾਤਾਂ ਨੂੰ ਜਨਤਾ ਦਾ ਵੰਡਿਆ ਜਾਣਾ ਸੂਤ ਬੈਠਦਾ ਸੀ। ਭਗਤ ਕਵੀਆਂ ਨੇ ਧਾਰਮਿਕ ਖੇਤਰ ਵਿਚ ਆਈ ਗਿਰਾਵਟ ਨੂੰ ਦੂਰ ਕਰਨ ਦਾ ਕਾਫ਼ੀ ਉਪਰਾਲਾ ਕੀਤਾ। “ਭਾਰਤੀ ਜਨਤਾ ਦਾ ਅਧਿਆਤਮਕ ਪੱਧਰ ਉਪਰ ਕਰਨ ਲਈ ਧਾਰਮਿਕ ਰੀਤੀ ਰਿਵਾਜਾਂ, ਪਾਠ ਪੂਜਾ, ਤੀਰਥ, ਵਰਤ, ਦਾਨ, ਪੁੰਨ ਅਤੇ ਬਾਹਰੀ ਅਡੰਬਰਾਂ ਨੂੰ ਖ਼ਤਮ ਕਰਕੇ ਲੋਕਾਂ ਨੂੰ ਭਗਤੀ ਦਾ ਸਹੀ ਰਾਹ ਦਿਖਾਉਣਾ ਹੀ ਆਪਣਾ ਉਦੇਸ਼ ਬਣਾਇਆ। ਇਸ ਉਦੇਸ਼ ਦੀ ਪੂਰਤੀ ਲਈ ਇਨ੍ਹਾਂ ਮਹਾਨ ਚਿੰਤਕਾਂ ਨੂੰ ਰਾਜਸੀ ਤੇ ਧਾਰਮਿਕ ਆਗੂਆਂ ਦੀ ਵਿਰੋਧਤਾ ਦਾ ਵੀ ਸਾਹਮਣਾ ਕਰਨਾ ਪਿਆ ਤੇ ਜੀਵਨ ਭਰ ਸਖ਼ਤ ਘਾਲਣਾ ਘਾਲਣੀ ਪਈ।”5 ਭਗਤ ਕਵੀਆਂ ਨੇ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਡਟ ਕੇ ਸਾਹਮਣਾ ਕੀਤਾ ਅਤੇ ਧਾਰਮਿਕ ਆਗੂਆਂ ਦਾ ਪਾਜ ਉਖੇੜਿਆ । ਨਿਮਨਲਿਖਤ ਸ਼ਬਦ ਵਿੱਚ ਤਾਂ ਅਖੌਤੀ ਪੁਜਾਰੀਆਂ ਦੇ ਦੰਭ ਨੂੰ ਉਜਾਗਰ ਕਰਦੇ ਹੋਏ ਭਗਤ ਕਬੀਰ ਨੇ ਲਿਖਿਆ ਕਿ ਜਦੋਂ ਮਨੁੱਖ ਪ੍ਰਭੂ ਭਗਤੀ ਵਿੱਚ ਲੱਗ ਜਾਂਦਾ ਹੈ ਤਾਂ ਸਭ ਪ੍ਰਕਾਰ ਦੇ ਧਰਮਿਕ ਕਰਮ-ਕਾਂਡ ਛੱਡ ਦਿੰਦਾ ਹੈ:

**ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾ ॥੧॥**

**ਜਉ ਹਉ ਬਉਰਾ ਤਉ ਰਾਮ ਤੋਰਾ ॥ ਲੋਗੁ ਮਰਮੁ ਕਹ ਜਾਨੈ ਮੋਰਾ ॥੧॥ ਰਹਾਉ ॥**

**ਤੋਰਉ ਨ ਪਾਤੀ ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ ਨਿਹਫਲ ਸੇਵਾ ॥੨॥**

**ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥ ਐਸੀ ਸੇਵ ਦਰਗਹ ਸੁਖੁ ਪਾਵਉ ॥੩॥**

**ਲੋਗੁ ਕਹੈ ਕਬੀਰੁ ਬਉਰਾਨਾ ॥ ਕਬੀਰ ਕਾ ਮਰਮੁ ਰਾਮ ਪਹਿਚਾਨਾ ॥੪॥੬॥**

**ਉਲਟਿ ਜਾਤਿ ਕੁਲ ਦੋਊ ਬਿਸਾਰੀ ॥ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥**

**ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾ ਛਾਡੇ ਦੋਊ ॥੧॥ ਰਹਾਉ ॥6**

ਭਗਤ ਕਬੀਰ ਨੇ ਖੱਤਰੀ, ਬ੍ਰਾਹਮਣ, ਵੈਸ਼ ਤੇ ਸ਼ੂਦਰ ਆਦਿ ਚਾਰ ਵਰਣਾਂ ਵਿਚ ਬ੍ਰਹਮਚਾਰੀਆਂ, ਗ੍ਰਿਹਿਸਥ ਤੇ ਸਨਿਆਸ ਆਦਿ ਚਾਰ ਆਸ਼ਰਮਾਂ, ਵੇਦਾਂਤ, ਸਾਂਖਯ, ਵਿਆਇ, ਵੈਸ਼ੇਸ਼ਿਕ, ਪੂਰਵ ਮੀਮਾਂਸਾ ਤੇ ਉਤਰ ਮੀਮਾਂਸਾ ਆਦਿ ਛੇ ਦਰਸ਼ਨਾਂ ਜਾਂ ਫਲਸਫਿਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ, ਕੋਈ ਲਿਹਾਜ ਨਹੀਂ ਕੀਤਾ। ਕਬੀਰ ਨੇ ਉਨ੍ਹਾਂ ਅਖੌਤੀ ਧਰਮਾਂ ਨੂੰ, ਜੋ ਭਗਤੀ ਮਾਰਗ ਤੋਂ ਬੇਮੁਖ ਸਨ, ਡੱਟ ਕੇ ਅਧਰਮ ਕਹਿਣ ਦੀ ਜੁਅਰਤ ਕੀਤੀ ਕਿ ਭਜਨ ਤੋਂ ਬਿਨਾਂ ਯੋਗ-ਸ਼ਾਸਤਰ, ਯੱਗ ਕਰਨੇ, ਵਰਤ ਰੱਖਣੇ ਅਤੇ ਦਾਨ ਦੇਣਾ ਜਾਂ ਲੈਣਾ ਆਦਿ ਸਭ ਕਰਮ ਤੁਛ ਹਨ, ਨਫਰਤਯੋਗ ਹਨ। ਭਗਤ ਕਵੀ ਈਸ਼ਵਾਦੀ ਸਨ ਤੇ ਉਨ੍ਹਾਂ ਨੇ ਭਾਰਤੀ ਵੇਦਾਂਤ ਅਦਵੈਤਵਾਦ, ਮੂਰਤੀ ਪੂਜਾ ਤੇ ਅਵਤਾਰਵਾਦ ਦਾ ਖੰਡਨ ਕੀਤਾ।

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।**

**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।7**

ਭਗਤੀ ਕਾਵਿ ਵਿਚ ਬ੍ਰਹਮ ਨੂੰ ਸੰਸਾਰ ਨੂੰ ਬਣਾਉਣ ਵਾਲੀ ਤੇ ਨਸ਼ਟ ਕਰਨ ਵਾਲੀ ਅਲੌਕਿਕ ਸ਼ਕਤੀ ਮੰਨਿਆ ਗਿਆ ਹੈ। ਉਹ ਹੀ ਇਸ ਸੰਸਾਰ ਨੂੰ ਚਲਾਉਣ ਵਾਲਾ ਹੈ। ਮੁਸਲਮਾਨ ਆਪ ਉਨ੍ਹਾਂ ਅਡੰਬਰਾਂ ਵਿਚ ਫਸੇ ਹੋਏ ਸਨ ਜਿਨ੍ਹਾਂ ਦਾ ਉਹ ਹਿੰਦੂ ਧਰਮ ਵਿਚ ਖੰਡਨ ਕਰਦੇ ਸਨ। ਪੁਜਾਰੀ ਅਤੇ ਧਾਰਮਿਕ ਆਗੂ ਆਮ ਜਨਤਾ ਨੂੰ ਕਰਮ-ਕਾਂਡ ਵਿਚ ਉਲਝਾ ਕੇ ਰੱਖਦੇ ਸਨ ਅਤੇ ਮੱਧਕਾਲੀਨ ਭਾਰਤ ਵਿੱਚ ਅਖੌਤੀ ਧਾਰਮਿਕ ਆਗੂਆਂ ਨੇ ਧਰਮ ਦੀ ਅਸਲੀ ਭਾਵਨਾ ਖਤਮ/ਲੁਪਤ ਕਰ ਦਿੱਤਾ ਸੀ ਅਤੇ ਪਾਖੰਡ, ਕਰਮ-ਕਾਂਡ ਧਰਮਾਂ ਵਿਚ ਰੱਜ ਕੇ ਪ੍ਰਵੇਸ਼ ਕਰ ਚੁੱਕਾ ਸੀ। ਜਨਤਾ ਨੂੰ ਨਰਕ-ਸੁਰਗ ਦੇ ਅੰਧ-ਵਿਸ਼ਵਾਸ ਵਿਚ ਉਲਝਾਇਆ ਹੋਇਆ ਸੀ। ਜਿਸ ਦਾ ਭਗਤ ਬਾਣੀ ਵਿੱਚ ਵਿਰੋਧ ਦਰਜ ਹੋਇਆ ਮਿਲਦਾ ਹੈ:

**ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ ॥**

**ਪਹਿਲੇ ਦਰਸਨੁ ਮਗਹਰ ਪਾਇਓ ਫੁਨਿ ਕਾਸੀ ਬਸੇ ਆਈ ॥੨॥**

**ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ ॥**

**ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ ॥੩॥**

www.ignited.in

**ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥**

**ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ ॥੪॥**

**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥**

**ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥**

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**

**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥8**

ਮੱਧਕਾਲੀਨ ਭਾਰਤ ਦੇ ਧਰਮਾਂ ਵਿਚ ਬਹੁਤ ਸਾਰੇ ਸੰਪ੍ਰਦਾਇ ਬਣ ਗਏ ਸਨ, ਜੋ ਇੱਕ ਦੂਜੇ ਤੋਂ ਆਪਣੇ-ਆਪ ਨੂੰ ਵੱਡਾ ਤੇ ਅਲੱਗ ਸਮਝਦੇ ਸਨ। ਇਸ ਤਰ੍ਹਾਂ ਦੇ ਕੜਵੇ ਮਾਹੌਲ ਵਿਚ ਭਗਤ ਕਵੀਆਂ ਨੇ ਧਰਮ ਦੇ ਉਦਾਰ ਤੱਤ 'ਤੇ ਬਲ ਦੇ ਕੇ ਪਿਆਰ ਤੇ ਭਰਾਤਰੀ-ਭਾਵ ਦਾ ਪ੍ਰਚਾਰ ਕੀਤਾ ਅਤੇ ਲੋਕਾਈ ਨੂੰ ਪ੍ਰਮਾਤਮਾ ਦੀ ਸੰਤਾਨ ਕਿਹਾ ਅਤੇ ਬ੍ਰਾਮਣਵਾਦੀ ਲੋਕਾਂ ਪ੍ਰਤੀ ਅਫ਼ਸੋਸ ਵੀ ਪ੍ਰਗਟ ਕੀਤਾ:

**ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥**

**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥**

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ਤਉ ਆਨ ਬਾਟ ਕਾਹੇ ਨਹੀ ਆਇਆ ॥੨॥**

**ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ਹਮ ਕਤ ਲੋਹੂ ਤੁਮ ਕਤ ਦੂਧ ॥੩॥**

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥9**

ਭਗਤੀ ਲਹਿਰ ਨੇ ਭਾਰਤੀ ਸਮਾਜ ਨੂੰ ਗੌਰਵਸ਼ਾਲੀ ਮਹਾਂਪੁਰਸ਼ ਦਿੱਤੇ। ਜਿਨ੍ਹਾਂ ਨੇ ਪ੍ਰਚੱਲਿਤ ਰਹੁ-ਰੀਤਾਂ, ਪੂਜਾ ਪੱਧਤੀਆਂ, ਕਰਮ-ਕਾਂਡਾਂ, ਅਵਤਾਰਵਾਦ, ਬਹੁ ਦੇਵੀ-ਦੇਵਤਾਵਾਦ, ਤੀਰਥ ਇਸ਼ਨਾਨ, ਵਰਤ-ਦਾਨ-ਪੁੰਨ ਆਦਿ ਨੂੰ ਥੋਥੇ, ਫ਼ਜ਼ੂਲ ਤੇ ਮਨੁੱਖ ਲਈ ਮਾਰੂ ਅਤੇ ਅਰਥਹੀਨ ਸਾਬਤ ਕੀਤਾ। ਭਗਤ ਕਬੀਰ ਨੇ ਪ੍ਰਭੂ ਭਗਤੀ ਤੋਂ ਉਲਟ ਧਰਮ ਸ਼ਾਸਤਰ, ਯੱਗ ਕਰਨੇ, ਵਰਤ ਰੱਖਣੇ, ਦਾਨ ਲੈਣਾ ਪਰ ਆਪ ਦਾਨ ਨਾ ਦੇਣਾ ਆਦਿ ਸਭ ਕਰਮ-ਕਾਂਡ ਕਰਨ ਵਾਲੇ ਭੇਖੀਆਂ ਨੂੰ ਵੰਗਾਰਿਆ। ਭਗਤ ਕਬੀਰ ਨੇ ਭਗਤ ਰਵਿਦਾਸ ਦੇ ਬੇਗਮਪੁਰੇ ਵਾਂਗ ਅਧਿਆਤਮਕ ਉਚ ਅਵਸਥਾ ਨੂੰ ਅਮਰ ਦੇਸ਼ ਕਿਹਾ। ਜਿੱਥੇ ਕਿਸੇ ਤਰ੍ਹਾਂ ਦਾ ਭੇਦ-ਭਾਵ ਨਹੀਂ। ਭਗਤ ਕਵੀਆਂ ਨੇ ਬਹੁਦੇਵਵਾਦ ਦੀ ਥਾਂ ਤੇ ਏਕੀਸ਼ਵਰਵਾਦ ਦਾ ਸਿਧਾਂਤ ਪੇਸ਼ ਕੀਤਾ। ਭਗਤ ਕਬੀਰ ਨੇ ਭੇਖਧਾਰੀ, ਅਖੌਤੀ ਤੇ ਆਡੰਬਰੀ ਸਾਧਾਂ ਦਾ ਪਰਦਾਫਾਸ਼ ਕੀਤਾ, ਜੋ ਸਮਾਜ ਨੂੰ ਆਤਮਿਕ ਤੇ ਧਾਰਮਿਕ ਤੌਰ ਤੇ ਠੱਗ ਰਹੇ ਸਨ:

**ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨ ਤਗ।।**

**ਗਲੀ ਜਿਨਹਾ ਜਪੁ ਮਾਲੀਆ ਲੋਟੇ ਹਥਿ ਨਿਬਗ।।**

**ਓਇ ਹਰਿ ਕੇ ਸੰਤ ਨਾ ਆਖੀਅਹਿ ਬਾਨਾਰਸਿ ਕੇ ਠਗ।।**

**ਐਸੇ ਸੰਤ ਨ ਮੋ ਕਉ ਭਾਵਹਿ।।**

**ਡਾਲਾ ਸਿਉ ਪੇਡਾ ਗਟਕਾਵਹਿ।। ੧।। ਰਹਾਉ ।।10**

ਭਗਤੀ ਦੇ ਨਾਂ ਹੇਠ ਬੁੱਤ ਪੂਜਾ, ਮੜ੍ਹੀ ਮਸਾਣੀ ਪੂਜਣਾ, ਪੱਥਰਾਂ, ਸਿਵਿਆਂ, ਜੰਡਾਂ-ਕਰੀਰਾਂ ਨੂੰ ਪੂਜਣਾ, ਰੱਬ ਨੂੰ ਖੁਸ਼ ਕਰਨ ਲਈ ਬਲੀ ਦੇਣਾ ਆਦਿ ਨੂੰ ਕਰਮ-ਕਾਂਡੀ ਧਾਰਮਿਕ ਆਗੂਆਂ, ਅਖੌਤੀ ਜਤੀਆਂ-ਸਤੀਆਂ, ਸਾਧੂਆਂ, ਬਰਾਗੀਆਂ, ਮੁੱਲਾਂ ਮੌਲਾਣਿਆਂ, ਪਾਂਡਿਆਂ-ਪੁਜ਼ਾਰੀਆਂ ਆਦਿ ਨੇ ਮੱਧਕਾਲੀਨ ਭਾਰਤੀ ਸਮਾਜ ਵਿਚ ਵਿਚ ਪ੍ਰਚੱਲਿਤ ਕੀਤਾ ਹੋਇਆ ਸੀ। ਜਿਸ ਦੀ ਭਗਤ ਕਵੀਆਂ ਨੇ ਬਿਨਾਂ ਕਿਸੇ ਡਰ ਤੋਂ ਆਪਣੀ ਬਾਣੀ ਵਿਚ ਪੂਰੇ ਜ਼ੋਰ-ਸ਼ੋਰ ਨਾਲ ਨਿਖੇਧੀ ਕੀਤੀ ਅਤੇ ਕਿਸੇ ਨਾਲ ਕੋਈ ਲਿਹਾਜ਼ ਨਾ ਕੀਤਾ। ਭਗਤ ਕਬੀਰ ਨੇ ਤਤਕਾਲੀ ਧਰਮਾਂ ਵਿਚ ਆ ਚੁੱਕੀ ਗਿਰਾਵਟ ਅਤੇ ਲੋਕਾਂ ਵਿੱਚ ਪੈਦਾ ਹੋ ਚੁੱਕੇ ਵਿਕਾਰਾਂ ਦੀ ਭੰਡੀ ਕਰਦੇ ਹੋਏ ਭਗਤੀ ਦਾ ਸਰਲ, ਸਿੱਧਾ ਤੇ ਸਪਾਟ ਰਸਤਾ ਵੀ ਦੱਸਿਆ:

**ਰਾਮ ਜਪਉ ਜੀਅ ਐਸੇ ਐਸੇ, ਧਰੂ ਪ੍ਰਹਿਲਾਦਿ ਜਪਿਓ ਹਰਿ ਜੈਸੇ।।**

**ਗੁਰਪ੍ਰਸਾਦਿ ਐਸੀ ਬੁੱਧ ਸਮਾਨੀ, ਚੂਕ ਗਈ ਫਿਰ ਆਵਨ ਜਾਨੀ।।**

**ਦੀਨ ਦਇਆਲ ਭਰੋਸੇ ਤੇਰੇ।। ਸਭੁ ਪਰਵਾਰੁ ਚੜਾਇਆ ਬੇੜੇ।। ਰਹਾਉ ।।**

**ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ਇਸ ਬੇੜੇ ਕਉ ਪਾਰਿ ਲਘਾਵੈ ।।੨।।**

**ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ਚੂਕਿ ਗਈ ਫਿਰਿ ਆਵਨ ਜਾਨੀ ।।੩।।**

**ਕਹੁ ਕਬੀਰ ਭਜੁ ਸਾਰਿਗਪਾਨੀ ॥ਉਰਵਾਰਿ ਪਾਰਿ ਸਭ ਏਕੋ ਦਾਨੀ ।।੪।। 11**

ਸੋ ਉਪਰੋਕਤ ਤੋਂ ਸਪੱਸ਼ਟ ਹੈ ਕਿ ਮੱਧ ਕਾਲੀਨ ਭਗਤ ਕਵੀਆਂ ਨੇ ਬ੍ਰਾਹਮਣੀਕਲ ਵਿਚਾਰਧਾਰਾ ਤੇ ਬਾਹਰਲੀਆਂ ਸਭਿਆਤਾਵਾਂ ਦੇ ਪ੍ਰਭਾਵ ਕਰਕੇ ਆਮ ਲੋਕ ਧਰਮ ਦੀ ਅਸਲੀਅਤ ਅਤੇ ਅਧਿਆਤਮਕਤਾ ਤੋਂ

www.ignited.in

ਦੂਰ ਹੁੰਦੇ ਜਾ ਰਹੇ ਸਨ। ਭਗਤੀ ਲਹਿਰ ਨੇ ਲੋਕਾਈ ਨੂੰ ਫੋਕਟ ਕਰਮ-ਕਾਡਾਂ ਵਿਚੋਂ ਕੱਢਣ ਲਈ ਅਧਿਆਮਕ ਪੱਖ ਤੋਂ ਸਹੀ ਮਾਰਗ ਦਰਸ਼ਨ ਕੀਤਾ, ਅਧਿਆਮਕਤਾ ਤੇ ਨੈਤਿਕਤਾ ਤੋਂ ਸੱਖਣੇ ਲੋਕਾਂ ਲਈ ਭਗਤੀ ਸਿਧਾਤਾਂ ਦੀ ਪੁਨਰ-ਵਿਆਖਿਆ ਕੀਤੀ, ਪ੍ਰਚੱਲਿਤ ਪੂਜਾ ਵਿਧੀਆਂ ਤੇ ਧਰਮਿਕ-ਕਰਮ ਕਾਂਡਾਂ ਖਿਲਾਫ਼ ਪ੍ਰਤਿਰੋਧ ਪੈਦਾ ਕੀਤਾ। ਭਗਤ ਕਵੀਆਂ ਨੇ ਇਹ ਗੱਲ ਦ੍ਰਿੜ ਕਰਵਾਈ ਕਿ ਪਰਮਾਤਮਾ ਦੀ ਅਨਿੰਨ ਭਗਤੀ ਤੋਂ ਬਿਨ੍ਹਾਂ ਕੋਈ ਵੀ ਭੇਖ ਜਾਂ ਕਰਮ-ਕਾਂਡ ਮਨੁੱਖ ਨੂੰ ਅਧਿਆਤਮਕ ਅਤੇ ਧਾਰਮਿਕ ਤੌਰ 'ਤੇ ਕੋਈ ਸੇਧ ਨਹੀਂ ਦੇ ਸਕਦਾ।

## ਹਵਾਲੇ ਤੇ ਟਿਪਣੀਆਂ

1. ਪ੍ਰੋ. ਵਜੀਰ ਸਿੰਘ, ਗੁਰੂ ਨਾਨਕ ਸਿਧਾਂਤ, ਪੰਨਾ-35
2. ਗੁਰੂ ਗ੍ਰੰਥ ਸਾਹਿਬ, ਪੰਨਾ-1196.
3. ਗੁਰੂ ਗ੍ਰੰਥ ਸਾਹਿਬ, ਪੰਨਾ-1369
4. ਓਹੀ, ਪੰਨਾ-973
5. ਡਾ. ਅਵਤਾਰ ਸਿੰਘ, ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ ਚਿੰਤਨ ਦਾ ਤੁਲਨਾਤਮਕ ਅਧਿਐਨ, ਪੰਨਾ-14
6. ਗੁਰੂ ਗ੍ਰੰਥ ਸਾਹਿਬ, ਪੰਨਾ-1158
7. ਓਹੀ, ਪੰਨਾ- 1349
8. ਓਹੀ, ਪੰਨਾ-969
9. ਓਹੀ, ਪੰਨਾ-324
10. ਓਹੀ, ਪੰਨਾ-476
11. ਓਹੀ, ਪੰਨਾ-337

**Corresponding Author**

**Dr. Preet Inder Singh***

Assistant Professor, Post Graduate Government College, Sector 46, Chandigarh

www.ignited.in